BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਯੂਨਾਈਟੇਡ ਵੇ ਵਾਸਤੇ ਫੰਡ ਇਕੱਠਾ ਕਰਨ ਲਈ ਲੌਂਗੈਸਟ ਨਾਈਟ ਵਿੱਚ ਹਿੱਸਾ ਲਿਆ




ਮੇਅਰ ਪੈਟਰਿਕ ਬ੍ਰਾਊਨ (Patrick Brown), ਕਾਉਂਸਲਰ ਫੋਰਟਿਨੀ (Fortini) ਅਤੇ ਕਾਉਂਸਲਰ ਸਿੰਘ (Singh) ਨੇ, ਲੌਂਗੈਸਟ ਨਾਈਟ ਵਿੱਚ ਹਿੱਸਾ ਲੈਣ ਤੋਂ ਪਹਿਲਾਂ, ਸਿਟੀ ਆਫ ਬ੍ਰੈਂਪਟਨ ਦੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਬ੍ਰੈਂਪਟਨ, ਓਨਟੈਰੀਓ (26 ਫਰਵਰੀ, 2022) – ਕੱਲ੍ਹ ਰਾਤ, ਸਿਟੀ ਆਫ ਬ੍ਰੈਂਪਟਨ ਨੇ ਲੌਂਗੈਸਟ ਨਾਈਟ (Longest Night) ਵਿੱਚ ਹਿੱਸਾ ਲਿਆ। ਇਹ ਇੱਕ ਸਾਲਾਨਾ ਕਾਰਜਕਰਮ ਹੈ, ਜੋ ਗਰੀਬੀ ਵਿੱਚ ਰਹਿਣ ਵਾਲੇ ਬੱਚਿਆਂ ਅਤੇ ਬਾਲਗਾਂ ਦੇ ਸਾਮ੍ਹਣੇ ਆਉਣ ਵਾਲੀਆਂ ਰੋਜ਼ਾਨਾ ਦੀਆਂ ਚੁਣੌਤੀਆਂ ਬਾਰੇ ਜਾਗਰੂਕਤਾ ਫੈਲਾਉਣ ਲਈ, ਅਲਗ-ਅਲਗ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਉਹਨਾਂ ਦੀ ਕਾਰ ਵਿੱਚ ਇੱਕ ਰਾਤ ਬਿਤਾਉਣ ਲਈ ਉਤਸ਼ਾਹਿਤ ਕਰਦਾ ਹੈ। ਪੂਰੇ ਸੰਗਠਨ ਦੇ ਟੀਮ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਸਮੇਤ, ਦਸ ਵਿਅਕਤੀਆਂ ਨੇ ਇਸ ਸਾਦਗੀਪੂਰਣ ਅਨੁਭਵ ਲਈ ਮੁਸ਼ਕਲ ਸਥਿਤੀਆਂ ਵਿੱਚ ਰਾਤ ਬਿਤਾਈ।

ਸਿਟੀ ਆਫ ਬ੍ਰੈਂਪਟਨ ਦੇ ਸਟਾਫ ਅਤੇ ਹਿਮਾਇਤੀਆਂ ਨੇ ਇਸ ਪਹਿਲਕਦਮੀ ਦੀ ਹਿਮਾਇਤ ਵਿੱਚ 5,000 ਡਾਲਰ ਦੀ ਰਕਮ ਇਕੱਠੀ ਕੀਤੀ, ਜੋ ਸਿਟੀ ਦੀ ਫੰਡ ਇਕੱਠਾ ਕਰਨ ਵਾਲੀ ਸਾਲਾਨਾ ਮੁਹਿੰਮ, ਯੂਨਾਈਟੇਡ ਵੇ (United Way) ਵਿੱਚ ਜਾਵੇਗੀ। ਸਿਟੀ ਆਫ ਬ੍ਰੈਂਪਟਨ, 40 ਤੋਂ ਵੱਧ ਸਾਲਾਂ ਤੋਂ ਯੂਨਾਈਟੇਡ ਵੇ ਦੀ ਮਾਣਯੋਗ ਹਿਮਾਇਤੀ ਰਹੀ ਹੈ ਅਤੇ ਇਸਨੇ ਉਸ ਸਮੇਂ ਦੇ ਦੌਰਾਨ ਸਫਲਤਾਪੂਰਵਕ ਲਗਭਗ 2.5 ਮਿਲੀਅਨ ਡਾਲਰ ਦਾ ਫੰਡ ਇਕੱਠਾ ਕੀਤਾ, ਜੋ ਸਿੱਧੇ ਕਮਿਉਨਿਟੀ ਦੀ ਸਹਾਇਤਾ ਲਈ ਗਿਆ ਹੈ।

**ਹਵਾਲੇ**

"ਮੈਨੂੰ ਉਹਨਾਂ ਟੀਮ ਮੈਂਬਰਾਂ ਤੇ ਬਹੁਤ ਮਾਣ ਹੈ, ਜੋ ਇਸ ਚੁਣੌਤੀ ਦਾ ਸਾਮ੍ਹਣਾ ਕਰਨ ਅਤੇ ਗਰੀਬੀ ਅਤੇ ਬੇਘਰ ਹੋਣ ਬਾਰੇ ਜਾਗਰੂਕਤਾ ਫੈਲਾਉਣ ਵਾਸਤੇ, ਲੌਂਗੈਸਟ ਨਾਈਟ ਵਿੱਚ ਹਿੱਸਾ ਲੈਣ ਲਈ ਅੱਗੇ ਆਏ। ਇਹ ਸਾਡੀ ਕਮਿਉਨਿਟੀ ਵਿੱਚ ਬਹੁਤ ਸਾਰੇ ਲੋਕਾਂ ਦੀ ਅਸਲੀਅਤ ਹੈ। ਸਾਨੂੰ ਬਹੁਮੁੱਲੇ ਫੰਡ ਇਕੱਠੇ ਕਰਨ ਲਈ ਹਰ ਸਾਲ, ਯੂਨਾਈਟੇਡ ਵੇ ਦੇ ਨਾਲ ਭਾਈਵਾਲੀ ਕਰਨ ਤੇ ਮਾਣ ਹੈ, ਜੋ ਸਿੱਧੇ ਬੇਹੱਦ ਲੋੜਵੰਦ ਲੋਕਾਂ ਦੀ ਸਹਾਇਤਾ ਵਿੱਚ ਜਾਂਦੇ ਹਨ, ਜਿਹਨਾਂ ਨੂੰ ਹੁਣ ਇਸਦੀ ਪਹਿਲਾਂ ਤੋਂ ਵੀ ਵੱਧ ਲੋੜ ਹੈ। ਬ੍ਰੈਂਪਟਨ ਵਾਸਤੇ ਅਜਿਹਾ ਬਹੁਮੁੱਲਾ ਵਸੀਲਾ ਬਣਨ ਲਈ, ਯੂਨਾਈਟੇਡ ਵੇ ਦਾ ਧੰਨਵਾਦ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਲਗਾਤਾਰ ਚੌਥੇ ਸਾਲ, 2022 ਲਈ ਯੂਨਾਈਟੇਡ ਵੇ ਕਮੇਟੀ ਕਾਉਂਸਿਲ ਸਪਾਂਸਰ ਬਣਨਾ ਅਤੇ ਅਜਿਹੀ ਟੀਮ ਨਾਲ ਕੰਮ ਕਰਨਾ ਸਨਮਾਨ ਦੀ ਗੱਲ ਹੈ, ਜੋ ਕਾਰਜਕਰਮਾਂ ਨੂੰ ਅੱਗੇ ਵਧਾਉਣ ਅਤੇ ਸਾਡੀ ਕਮਿਉਨਿਟੀ ਵਾਸਤੇ ਫੰਡ ਇਕੱਠੇ ਕਰਨ ਲਈ ਵਾਧੂ ਯਤਨ ਕਰਦੀ ਹੈ। ਮੈਨੂੰ ਇਹ ਦੇਖ ਕੇ ਬਹੁਤ ਮਾਣ ਹੋ ਰਿਹਾ ਹੈ ਕਿ ਅਸੀਂ, ਲੌਂਗੈਸਟ ਨਾਈਟ ਪਹਿਲਕਦਮੀ ਦੇ ਨਾਲ, ਫੰਡ ਇਕੱਠਾ ਕਰਨ ਦੇ ਸਾਡੇ ਟੀਚੇ ਤੋਂ ਵੀ ਵੱਧ ਫੰਡ ਇਕੱਠਾ ਕੀਤਾ ਹੈ। ਇਹ, ਫੰਡ ਇਕੱਠਾ ਕਰਨ ਦੀ ਸਾਡੀ ਸਾਲਾਨਾ ਮੁਹਿੰਮ ਨੂੰ ਸ਼ੁਰੂ ਕਰਨ ਦਾ ਸ਼ਾਨਦਾਰ ਤਰੀਕਾ ਹੈ।"

- *ਡਗ ਵ੍ਹਿਲੈਂਨਸ (Doug Whillans), ਯੂਨਾਈਟੇਡ ਵੇ, ਸਿਟੀ ਕਾਉਂਸਲਰ, ਵਾਰਡਸ 2 ਅਤੇ 6*

"ਲੌਂਗੈਸਟ ਨਾਈਟ ਵਿੱਚ ਹਿੱਸਾ ਲੈਣਾ ਸਚਮੁੱਚ ਬਹੁਤ ਹੀ ਸਾਦਗੀਪੂਰਣ ਅਨੁਭਵ ਸੀ, ਜਿਸਨੇ ਅਸਲੀਅਤ ਦੇਖਣ ਦਾ ਮੌਕਾ ਪ੍ਰਦਾਨ ਕੀਤਾ, ਜਿਸਦਾ ਸਾਮ੍ਹਣਾ ਸਾਡੀ ਕਮਿਉਨਿਟੀ ਦੇ ਬਹੁਤ ਸਾਰੇ ਲੋਕ ਰੋਜ਼ਾਨਾ ਰਾਤ ਨੂੰ ਕਰਦੇ ਹਨ। ਮੈਨੂੰ ਇਸ ਸਾਲ, ਸਿਟੀ ਆਫ ਬ੍ਰੈਂਪਟਨ ਦੀ ਯੂਨਾਈਟੇਡ ਵੇ ਕਮੇਟੀ ਦਾ ਚੇਅਰ ਬਣਨ ਅਤੇ ਵਾਲੰਟੀਅਰਾਂ ਦੀ ਜੋਸ਼ੀਲੀ ਟੀਮ ਦੇ ਨਾਲ ਕੰਮ ਕਰਨ ਤੇ ਮਾਣ ਹੈ, ਜੋ ਸਾਡੀ ਕਮਿਉਨਿਟੀ ਦੀ ਸਹਾਇਤਾ ਲਈ ਬਿਨਾਂ ਥੱਕੇ ਕੰਮ ਕਰਦੀ ਹੈ।"

- *ਸਟੀਵ ਗੈਨੇਸ਼ (Steve Ganesh), 2022 ਯੂਨਾਈਟੇਡ ਵੇ ਕਮੇਟੀ ਚੇਅਰ, ਮੈਨੇਜਰ, ਡਿਵੈਲਪਮੈਂਟ ਸਰਵਿਸਿਜ*

"ਮੈਂ ਲੌਂਗੈਸਟ ਨਾਈਟ ਵਿੱਚ ਉਹਨਾਂ ਦੀ ਸ਼ਾਨਦਾਰ ਅਤੇ ਜਾਰੀ ਹਿਮਾਇਤ ਦੇ ਦੁਆਰਾ ਫੰਡ ਇਕੱਠਾ ਕਰਨ ਅਤੇ ਬੇਘਰ ਹੋਣ ਬਾਰੇ ਜਾਗਰੂਕਤਾ ਫੈਲਾਉਣ, ਦੋਵਾਂ ਲਈ ਸਿਟੀ ਆਫ ਬ੍ਰੈਂਪਟਨ ਦਾ ਧੰਨਵਾਦ ਕਰਦਾ ਹਾਂ। ਪੀਲ ਰੀਜਨ ਵਿੱਚ, 10,800 ਤੋਂ ਵੱਧ ਵਿਅਕਤੀ ਹਨ, ਜੋ ਬੇਘਰ ਹਨ ਜਾਂ ਜਿਹਨਾਂ ਨੂੰ ਬੇਘਰ ਹੋਣ ਦਾ ਜੋਖਮ ਹੈ। ਯੂਨਾਈਟੇਡ ਵੇ, ਪੀਲ ਵਿੱਚ ਕਮਿਉਨਿਟੀ ਦੀ ਹਿਮਾਇਤ ਅਤੇ ਗਰੀਬੀ ਨੂੰ ਦੂਰ ਕਰਨ ਵਾਸਤੇ, ਸਿਟੀ ਆਫ ਬ੍ਰੈਂਪਟਨ ਵਰਗੇ ਕਮਿਉਨਿਟੀ ਸੰਗਠਨਾਂ ਦੇ ਨਾਲ ਭਾਈਵਾਲੀ ਜਾਰੀ ਰੱਖਣ ਲਈ ਵਚਨਬੱਧ ਹੈ।"

- *ਡੇਨਿਅਲ ਜ਼ੈਨੋਟੀ (Daniele Zanotti), ਪ੍ਰੈਜ਼ੀਡੈਂਟ ਅਤੇ ਸੀ.ਈ.ਓ., ਯੂਨਾਈਟੇਡ ਵੇ ਗ੍ਰੇਟਰ ਟੋਰੋਂਟੋ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

BRAMPTON

Media Release

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca